# ਭਾਈ ਵੀਰ ਸਿੰਘ ਦੀ ਸਾਹਿਤ ਨੂੰ ਦੇਣ

ਪ੍ਰੋ ਨਵਰੂਪ ਕੌਰ
ਮੁੱਖੀ, ਪੰਜਾਬੀ ਵਿਭਾਗ,
ਐਚ ਐਮ ਵੀ ਕਾਲਜ,ਜਲੰਧਰ

ਸਤ ਰੰਗ ਹੋ ਇਕ ਰੰਗ ਜਦ ਬੇਰੰਗ ਹੋ ਕੇ ਖੇਲਦੇ

ਬਣ ਨਜ਼ਾਰਾ ਨੂਰ ਦਾ ਛਹਿਬਰ ਹੈ ਨੂਰੀ ਲਾ ਲਿਆ

ਮਹਾਨ ਨਿਪੋਲੀਅਨ ਦਾ ਵਿਚਾਰ ਹੈ ਕਿ ਸੰਸਾਰ ਵਿਚ ਦੋ ਹੀ ਸ਼ਕਤੀਆਂ ਹਨ- ਕਲ਼ਮ ਤੇ ਤੇਗ ਪਰ ਆਖਿਰ ਨੂੰ ਕਲਮ ਤੇਗ ਨੂੰ ਜਿੱਤ ਲੈਂਦੀ ਹੈ।ਕੁਝ ਇਸੇ ਤਰ੍ਹਾਂ ਦੀ ਸਖ਼ਸ਼ੀਅਤ ਦੇ ਮਾਲਿਕ ਸਨ ਭਾਈ ਵੀਰ ਸਿੰਘ।ਉਹਨਾਂ ਨੂੰ ਪ੍ਰਕਿਰਤੀ ਚਿਤਰਨ ਆਧਾਰਿਤ ਰਹੱਸਵਾਦੀ, ਅਧਿਆਤਮਵਾਦੀ, ਵਲਵਲੇ ਭਰਪੂਰ, ਅਨੁਭਵੀ ਤੇ ਚਿੰਤਨਸ਼ੀਲ ਕਵੀ ਹੋਣ ਤੋਂ ਇਲਾਵਾ ਇਕ ਚਮਤਕਾਰੀ ਲੇਖਕ,ਇਤਿਹਾਸਕ ਖੋਜੀ, ਸਫਲ ਸਮੀਖਿਅਕ ਅਤੇ ਟੀਕਾਕਰ ਹੋਣ ਦਾ ਮਾਣ ਹਾਸਿਲ ਹੈ। ਉਹਨਾ ਦੀ ਅਜਿਹੀ ਸਾਹਿਤਕ ਪ੍ਰਤਿਭਾ ਨੂੰ ਦੇਖਦਿਆਂ ਹੀ ਆਲੋਚਕਾਂ ਨੇ ਉਹਨਾਂ ਲਈ **ਪੰਜਾਬ ਦਾ ਛੇਵਾਂ ਦਰਿਆ** ਵਰਗੇ ਵਿਸ਼ਲੇਸ਼ਣ ਵਰਤੇ ਹਨ। ਭਾਈ ਵੀਰ ਸਿੰਘ ਦੀ ਸਖ਼ਸ਼ੀਅਤ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਜੇਕਰ ਬੰਗਾਲ ਦਾ ਸਾਹਿਤਕ ਮਾਣ ਟੈਗੋਰ ਨੂੰ ਕਿਹਾ ਹੈ ਤਾਂ ਕੋਈ ਕਾਰਨ ਨਹੀਂ ਕਿ ਪੰਜਾਬੀ ਲੋਕ ਭਾਈ ਵੀਰ ਸਿੰਘ ਦੀ ਸਾਹਿਤਕ ਸਖ਼ਸ਼ੀਅਤ ਦੇ ਆਸਰੇ ਅਜਿਹਾ ਮਾਣ ਅਨੁਭਵ ਨਾ ਕਰਨ ਸਕਣ।ਕਿਰਪਾਲ ਸਿੰਘ ਕਸੇਲ ਅਨੁਸਾਰ

> ਭਾਈ ਵੀਰ ਸਿੰਘ ਨੇ ਪੰਜਾਬੀ ਕਵਿਤਾ ਦੇ ਅਨੁਭਵ,ਨਵੀ ਚੇਤਨਤਾ ਨਵੇ ਅਮਲ ਤੇ ਦਾਰਸ਼ਨਿਕ ਦ੍ਰਿਸ਼ਟੀਕੋਣ ਨੂੰ ਹੋਂਦ ਵਿਚ ਲਿਆਂਦਾ। ਉਹਨਾਂ ਦੇ ਇਸ ਬਾਰੇ ਕਰਤਾਰੀ ਤੇ ਬੋਧਿਕ ਅਮਲ ਨੂੰ ਨਵ ਰਹੱਸਵਾਦ ਦੀ ਸੰਗਿਆ ਦਿੱਤੀ ਜਾ ਸਕਦੀ ਹੈ।[1]

**ਜਨਮ**- ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਨੂੰ ਸਾਹਿਤਕ ਅਤੇ ਸਭਿਆਚਾਰਕ ਰੁਚੀਆਂ ਰੱਖਣ ਵਾਲੇ ਪਰਿਵਾਰ ਵਿਚ ਹੋਇਆ। ਭਾਈ ਸਾਹਿਬ ਦੇ ਘਰਾਣੇ ਦਾ ਸੰਬੰਧ ਸਿੱਖ ਇਤਿਹਾਸ ਦੇ ਪ੍ਰਸਿੱਧ ਦੀਵਾਨ ਕੌੜਾ ਮੱਲ ਨਾਲ ਸੀ। ਆਪ ਦੇ ਪਿਤਾ ਜੀ ਇਕ ਸੰਜੀਦਾ ਵਿਦਵਾਨ, ਪ੍ਰੋੜ ਵਿਆਖਿਆਕਾਰ ਅਤੇ ਸਫਲ ਉਲੱਥਾਕਾਰ ਸਨ।

**ਸਾਹਿਤਕ ਯੋਗਦਾਨ**- ਆਪ ਨੇ 1891 ਈ: ਵਿਚ ਵਜ਼ੀਰ ਹਿੰਦ ਪ੍ਰੈਸ ਲਗਾਉਣ ਉਪਰੰਤ 1894 ਈ: ਵਿਚ ਖਾਲਸਾ ਟ੍ਰੈਕਟ ਸੁਸਾਇਟੀ ਬਣਾਕੇ **ਨਿਰਗੁਣਿਆਰਾ** ਅਤੇ 1899 ਈ ਵਿਚ **ਖਾਲਸਾ ਸਮਾਚਾਰ** ਦੋ

ਪੱਤਰ ਜਾਰੀ ਕੀਤੇ ਜੋ ਆਧੁਨਿਕ ਪੰਜਾਬੀ ਸਾਹਿਤ ਦੀ ਮੁੱਢਲੀ ਨੁਹਾਰ ਬਦਲਣ ਦੇ ਪ੍ਰਸੰਗ ਵਿਚ ਪਹਿਲੇ ਪ੍ਰਯਤਨ ਸਨ।ਇਤਿਹਾਸਕ ਅਤੇ ਧਾਰਮਿਕ ਰੁਚੀਆਂ ਅਧੀਨ ਭਾਈ ਵੀਰ ਸਿੰਘ ਨੇ 1900 ਈ. ਵਿਚ **ਆ ਜਾ ਕਲਗੀਆਂ ਵਾਲਿਆ** ਨਾਮਕ ਪਹਿਲਾ ਧਾਰਮਿਕ ਗੀਤ ਲਿਖਿਆ।ਫਿਰ 1905 ਵਿਚ ਇਕ ਮੌਲਿਕ ਮਹਾਂ-ਕਾਵਿ **ਰਾਣਾ ਸੂਰਤ ਸਿੰਘ** ਦੀ ਰਚਨਾ ਕੀਤੀ। ਇਸ ਤੋਂ ਬਾਅਦ ਆਪਦੀ ਰਚਨਾ ਦਾ ਸਿਲਸਿਲੇਵਾਰ ਨਰਿੰਤਰ ਆਗਾਜ਼ ਹੁੰਦਾ ਰਿਹਾ।

ਭਾਈ ਵੀਰ ਸਿੰਘ ਨੂੰ ਕਵਿਤਾ ਅਤੇ ਵਾਰਤਕ ਦੋਹਾਂ ਵਿਚ ਹੀ ਇਤਨਾ ਕਮਾਲ ਹਾਸਿਲ ਕਰਨ ਵਾਲਾ ਸਾਹਿਤਕਾਰ ਹੈ ਕਿ ਅਜੇ ਤੱਕ ਕੋਈ ਵੀ ਕਵੀ ਅਜਿਹਾ ਮਾਣ ਹਾਸਿਲ ਨਹੀਂ ਕਰ ਸਕਿਆ। ਭਾਈ ਵੀਰ ਸਿੰਘ ਦੀਆਂ ਸਾਹਿਤਕ ਸਿਰਜਨਾਵਾਂ ਸਦਕਾ ਜਿੱਥੇ ਪੰਜਾਬ ਦੇ ਧਾਰਮਿਕ ,ਸਮਾਜਿਕ ਆਦਿ ਖੇਤਰਾਂ ਵਿਚ ਪੁਨਰ ਜਾਗ੍ਰਿਤੀ ਆਈ ਉਥੇ ਉਹਨਾਂ ਦੇ ਪ੍ਰਭਾਵ ਨਾਲ ਕਈ ਸਾਹਿਤਕ ਸਖ਼ਸ਼ੀਅਤਾਂ ਨੇ ਅਦਬੀ ਪ੍ਰਵੇਸ਼ ਕੀਤਾ।

**ਕਾਵਿ ਰਚਨਾ**- ਭਾਈ ਵੀਰ ਸਿੰਘ ਇਕ ਅਦਰਸ਼ਕ ਪੰਜਾਬੀ ਵਾਰਤਕਾਰ ਹੋਏ ਪਰ ਉਹਨਾਂ ਨੇ ਵਧੇਰੇ ਮਕਬੂਲੀਅਤ ਕਾਵਿ ਖੇਤਰ ਵਿਚ ਹਾਸਿਲ ਭਾਰਤ ਦੇਸ ਸਭਿਆਚਾਰਕ ਵਿਰਸੇ ਦਾ ਵੀ ਗੁਨਗਾਨ ਕਰਦੇ ਸਨ। ਇਸ ਪ੍ਰਸੰਗ ਵਿਚ **ਅਵਾਂਤੀਪੁਰੇ ਦੇ ਖੰਡਰ**, **ਕੁਤੁਬ ਦੀ ਲਾਠ** ਅਤੇ **ਮਾਰਤੰਡ** ਦੇ ਮੰਦਰ ਬਾਰੇ ਲਿਖੀਆਂ ਕਵਿਤਾਵਾਂ ਵੀ ਮਹੱਤਵਪੂਰਨ ਹਨ।ਇਹਨਾਂ ਕਵਿਤਾਵਾਂ ਦੇ ਮਾਧਿਅਮ ਰਾਹੀਂ ਜਿੱਥੇ ਭਾਈ ਸਾਹਿਬ ਪਾਠਕਾਂ ਦੇ ਦਿਲ ਵਿਚ ਸਭਿਆਚਾਰਕ ਗੌਰਵ ਪੈਦਾ ਕਰਦੇ ਹਨ ਉਥੇ ਸੰਕੇਤਿਕ ਰੂਪ ਵਿਚ ਸਮੁੱਚੀ ਮਾਨਵਤਾ ਨੂੰ ਇਕ ਜੁੱਟ ਹੋਣ ਦਾ ਸੰਦੇਸ਼ ਵੀ ਦਿੰਦੇ ਹਨ। ਭਾਈ ਸਾਹਿਬ ਦੀ ਹਰ ਕਵਿਤਾ ਕਿਸੇ ਨਾ ਕਿਸੇ ਨੈਤਿਕ ਸੰਕਲਪਾਂ ਦੀ ਪੇਸ਼ਕਾਰੀ ਕਰਦੀ ਹੈ। ਇਹ ਸੰਕਲਪ ਗੁਰਮਤਿ ਅਤੇ ਰਹੱਸਵਾਦੀ ਪ੍ਰੇਰਣਾ ਦੀ ਅਗਵਾਹੀ ਭਰਦੇ ਹਨ।

ਡਾਲੀ ਨਾਲੋਂ ਤੋੜ ਨਾ ਸਾਨੂੰ, ਅਸੀ ਹੱਟ ਮਹਿਕ ਦੀ ਲਾਈ
ਲੱਖ ਗਾਹਕ ਜੇ ਸੁੰਘੇ ਆ ਕੇ, ਖਾਲੀ ਇਕ ਨਾ ਜਾਈ

ਆਪ ਨੇ ਆਪਣਾ ਸਾਹਿਤਕ ਸਫ਼ਰ 1900 ਈ ਵਿਚ **ਨਨਾਣ- ਭਰਜਾਈ** ਤੋਂ ਸ਼ੁਰੂ ਕੀਤਾ। ਇਹ ਰਚਨਾ ਸਮਾਜ ਸੁਧਾਰ ਦੇ ਆਸ਼ੇ ਨਾਲ ਲਿਖੀ ਗਈ ਸੀ।1905 ਵਿਚ ਮਹਾਂ ਕਾਵਿ **ਰਾਣਾ ਸੂਰਤ ਸਿੰਘ** ਟ੍ਰੈਕਟਾਂ

ਵਿਚ ਪ੍ਰਕਾਸ਼ਿਤ ਹੋਇਆ।ਇਸ ਰਚਨਾ ਨਾਲ ਹੀ ਪੰਜਾਬੀ ਵਿਚ ਮਹਾਂ-ਕਾਵਿ ਪਰੰਪਰਾ ਦਾ ਆਰੰਭ ਹੋਇਆ।ਡਾ.ਸਤਿੰਦਰ ਸਿੰਘ

> ਕਾਵਿ ਵਿਕਾਸ ਦੇ ਮੁੱਢਲੇ ਪੜਾਅ ਉਪਰ ਹੀ ਮਹਾਂ ਕਾਵਿ ਦੀ ਰਚਨਾ ਕਵੀ ਦੀ ਕਾਵਿ ਕੁਸ਼ਲਤਾ ਅਤੇ ਕਾਵਿਕ ਪ੍ਰਤਿਭਾ ਦੀ ਸੂਚਕ ਹੈ।ਇਸ ਵੱਡ-ਆਕਾਰੀ ਰਚਨਾ ਵਿਚ ਸਿਰਖੰਡੀ ਛੰਦ ਦੀ ਵਰਤੋਂ, ਕਾਵਿ ਕਲਾਂ ਦੀ ਮੌਲਿਕਤਾ ਅਤੇ ਪ੍ਰਵੀਨਤਾ ਨੂੰ ਪ੍ਰਦਰਸ਼ਿਤ ਕਰਦੀ ਹੈ।[2]

ਇਹ ਰਚਨਾ ਪ੍ਰਤੀਕਮਈ ਤਰੀਕੇ ਨਾਲ ਜੀਵਨ- ਮ੍ਰਿਤੂ ਦੇ ਰਹੱਸ ਨੂੰ ਪੇਸ਼ ਕਰਦੀ ਹੈ। ਭਾਈ ਸਾਹਿਬ ਦੀਆਂ ਛੋਟੀਆਂ ਛੋਟੀਆਂ ਕਵਿਤਾਵਾਂ ਦਾ ਸਭ ਤੋਂ ਪਹਿਲਾ ਸੰਗ੍ਰਹਿ **ਦਿਲ-ਤਰੰਗ** 1920 ਈ ਵਿਚ ਪ੍ਰਕਾਸ਼ਿਤ ਹੋਇਆ। 1921 ਵਿਚ ਆਪ ਦਾ 57 ਰੁਬਾਈਆਂ ਦਾ ਇਕ ਸੰਗ੍ਰਹਿ **ਤਰੇਲ- ਤੁਪਕੇ** ਪ੍ਰਕਾਸ਼ਿਤ ਹੋਇਆ। ਇਸ ਪਿੱਛੋਂ **ਮਟਕ- ਹੁਲਾਰੇ** 1922 ਈ. ਵਿਚ ਪ੍ਰਕਾਸ਼ਿਤ ਹੋਇਆ।ਇਹ ਕਵਿਤਾਵਾਂ ਕਸ਼ਮੀਰ ਦੀ ਸੁੰਦਰਤਾ ਨੂੰ ਪੇਸ਼ ਕਰਦੀਆਂ ਸਨ। **ਲਹਿਰਾਂ ਦੇ ਹਾਰ** ਭਾਈ ਸਾਹਿਬ ਦੀਆਂ ਲੰਮੀਆਂ ਕਵਿਤਾਵਾਂ ਸਨ। **ਬਿਜਲੀਆਂ ਦੇ ਹਾਰ** 1927, **ਪ੍ਰੀਤ ਵੀਣਾ** 1929 **ਕੰਬਦੀ ਕਲਾਈ** 1933, **ਕੰਤ ਮਹੇਲੀ** 1950 ਅਤੇ **ਮੇਰੇ ਸਾਈਆਂ ਜੀਉ** 1953 ਵਿਚ ਪ੍ਰਕਾਸ਼ਿਤ ਹੋਈਆਂ। **ਮੇਰੇ ਸਾਈਆਂ ਜੀਉ** ਰਚਨਾ ਉਤੇ ਆਪ ਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ ਦਿੱਤਾ ਜਾਣ ਵਾਲਾ ਪੰਜਾਬੀ ਭਾਸ਼ਾ ਨੂੰ ਦਿੱਤਾ ਜਾਣ ਵਾਲਾ ਪਹਿਲਾ ਪੁਰਸਕਾਰ ਪ੍ਰਾਪਤ ਹੋਇਆ।ਆਪ ਨੇ ਗਜ਼ਲਾਂ ਦਾ ਇਕ ਦੀਵਾਨ ਲਿਖਿਆ।

ਭਾਈ ਵੀਰ ਸਿੰਘ ਦੀ ਕਵਿਤਾ ਦੇ ਕਈ ਵਿਚਾਰਧਾਰਕ ਪਹਿਲੂ ਹਨ।ਉਹਨਾਂ ਨੂੰ ਗੁਰਮਤਿ ਵਿਆਖਿਆਕਾਰ ਵਜੋਂ ਵੀ ਜਾਣਿਆ ਜਾਂਦਾ ਹੈ। ਗੁਰਮਤਿ ਦੇ ਬਹੁਤ ਸਾਰੇ ਪੱਖ ਆਪ ਦੀਆਂ ਕਵਿਤਾਵਾਂ ਵਿਚ ਪੇਸ਼ ਹੁੰਦੇ ਹਨ।ਭਾਈ ਸਾਹਿਬ ਦਾ ਸੌਂਦਰਯ ਬਾਰੇ ਸੰਕਲਪ ਆਦਰਸ਼ਵਾਦੀ ਹੈ। ਆਪ ਸੁੰਦਰਤਾ ਨੂੰ ਕਿਸੇ ਵਸਤੂ ਜਾਂ ਵਿਅਕਤੀ ਦਾ ਪਦਾਰਥਕ ਜਾ ਭੌਤਿਕ ਗੁਣ ਨਹੀਂ ਮੰਨਦੇ ਸਗੋਂ ਆਪ ਦਾ ਵਿਚਾਰ ਹੈ ਕਿ ਸੁੰਦਰਤਾ ਇਕ ਦੈਵੀ ਲੱਛਣ ਹੈ। ਇਹ ਪ੍ਰਭੂ ਵਲੋਂ ਹੀ ਭੇਜਿਆ ਜਾਦਾ ਹੈ ਅਤੇ ਉਸਧੀ ਕ੍ਰਿਪਾ ਨਾਲ ਹੀ ਕਿਸੇ ਵਿਅਕਤੀ ਨੂੰ ਮਿਲਦਾ ਹੈ।

ਚਾਨਣ ਜਿਵੇਂ ਆਕਾਸ਼ੋਂ ਆਵੇ, ਸ਼ੀਸ਼ਿਆਂ ਤੇ ਪੈ ਚਮਕੇ<br>
ਤਿਵੇਂ ਸੁੰਦਰਤਾਂ ਅਰਸ਼ੋ ਆਵੇ, ਸੁਹਣਿਆ ਤੇ ਪੈ ਦਮਕੇ

ਭਾਈ ਸਾਹਿਬ ਦੇ ਭਾਵ ਬੋਧ ਉਪਰ ਰੋਮਾਂਸਵਾਦ ਦਾ ਵੀ ਕਾਫੀ ਪ੍ਰਭਾਵ ਨਜ਼ਰ ਆਉਦਾ ਹੈ। ਅੰਗਰੇਜ਼ੀ

ਦੇ ਕਵੀ ਵਿਲੀਅਮ ਵਰਡਜ਼ਵਰਥ ਦੀ ਤਰ੍ਹਾਂ ਆਪ ਸੰਸਕ੍ਰਿਤੀ ਦੀ ਬਜਾਇ ਪ੍ਰਕ੍ਰਿਤੀ ਦੀ ਗੋਦ ਵਿਚ ਬੈਠਣਾ ਵਧੇਰੇ ਪਸੰਦ ਕਰਦੇ ਸਨ। ਆਪ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਕੁਦਰਤ ਦੇ ਪ੍ਰਭਾਵਸ਼ਾਲੀ ਦ੍ਰਿਸ਼ ਅੰਕਿਤ ਹੁੰਦੇ ਹਨ:

ਵੈਰੀ ਨਾਗ ਤੇਰਾ ਪਹਿਲਾ ਝਲਕਾ
ਜਦ ਅੱਖੀਆਂ ਵਿਚ ਵੱਜਦਾ
ਕੁਦਰਤ ਦੇ ਕਾਦਰ ਦਾ ਜਲਵਾ
ਲੈ ਲੈਂਦਾ ਇਕ ਸਜਦਾ

ਭਾਈ ਵੀਰ ਸਿੰਘ ਨੂੰ ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਕਿਹਾ ਜਾਂਦਾ ਹੈ।ਆਪ ਦੀ ਰਚਨਾ ਦਾ ਇਹ ਦੌਰ 1905 ਤੋਂ 1925 ਤੱਕ ਚਲਦਾ ਰਿਹਾ।ਛੋਟੀਆਂ ਕਵਿਤਾਵਾਂ ਵਿਚ ਆਪ ਦੀਆਂ ਕੁਝ ਰੁਬਾਈਆਂ ਉਤੇ ਹੋਰ ਛੰਦਬੰਦ ਰਚਨਾਵਾਂ ਸ਼ਾਮਿਲ ਸਨ। ਇਹਨਾਂ ਕਵਿਤਾਵਾਂ ਦੇ ਵਿਸ਼ੇ ਨੈਤਿਕ ਸਿਧਾਤਾਂ ਵਾਲੇ ਹਨ।ਜਿਵੇ, ਕਿਸੇ ਨੂੰ ਦੁੱਖ ਨਾ ਦੇਣਾ, ਪ੍ਰਕਿਰਤੀ ਨੂੰ ਪਰਮਾਤਮਾ ਦਾ ਵਿਸਤਾਰ ਮੰਨ ਕੇ ਪਿਆਰ ਕਰਨਾ।ਨਿਮਰਤਾ ਧਾਰਨ ਕਰਨਾ ਆਦਿ।

ਭਾਈ ਸਾਹਿਬ ਦੀ ਆਧੁਨਿਕ ਪੰਜਾਬੀ ਕਾਵਿ ਨੂੰ ਦੇਣ ਬਹੁਪੱਖੀ ਹੈ।ਉਹਨਾਂ ਨੇ ਇਕ ਵੰਗਾਰ ਵਜੋਂ ਪੰਜਾਬੀ ਵਿਚ ਗੰਭੀਰ ਵਿਸ਼ਿਆਂ ਤੇ ਕਵਿਤਾ ਲਿਖਣਾ ਸ਼ੁਰੂ ਕੀਤਾ ਅਤੇ ਬਿਨ੍ਹਾਂ ਕਿਸੇ ਪੂਰਵ ਪਰੰਪਰਾ ਦੇ ਬਹੁਤ ਉਚੇ ਪੱਧਰ ਦੀ ਕਵਿਤਾ ਲਿਖੀ।ਆਪ ਨੇ ਪੰਜਾਬੀ ਕਾਵਿ ਦੇ ਇਤਿਹਾਸ ਵਿਚ ਪੱਛਮੀ ਢੰਗ ਦੀ ਕਵਿਤਾ ਨੂੰ ਜਨਮ ਦਿੱਤਾ ਜਿਸ ਨੇ ਪੰਜਾਬੀ ਕਵਿਤਾ ਦੇ ਮਿਜਾਜ਼ ਨੂੰ ਉੱਕਾ ਹੀ ਬਦਲ ਕੇ ਰੱਖ ਦਿੱਤਾ।ਰੁਮਾਂਸਵਾਦ ਅਤੇ ਸੋਹਜਵਾਦ ਵਰਗੀਆਂ ਨਵੀਨ ਪ੍ਰਣਾਲੀਆਂ ਨੂੰ ਭਾਈ ਸਾਹਿਬ ਨੇ ਚੇਤਨ ਪੱਧਰ ‘ਤੇ ਲਿਆਂਦਾ। ਇਸ ਪ੍ਰਕਾਰ ਆਪ ਸੱਚਮੁੱਚ ਹੀ ਆਧੁਨਿਕ ਕਾਵਿ ਦੇ ਨਿਰਮਾਤਾ ਸਨ। ਭਾਈ ਵੀਰ ਸਿੰਘ ਦੀ ਕਾਵਿ ਸਾਧਨਾ ਉਹਨਾਂ ਦੀ ਕਵੀ ਸਖ਼ਸ਼ੀਅਤ ਨੂੰ ਵਧੇਰੇ ਨਿਖਾਰਦੀ ਹੈ:

- ਭਾਈ ਵੀਰ ਸਿੰਘ ਨੇ ਪੰਜਾਬੀ ਕਾਵਿ ਇਤਿਹਾਸ ਵਿਚ ਛਾਇਆਵਾਦ ਅਤੇ ਰਹੱਸਵਾਦ ਦੇ ਸਫਲ ਪ੍ਰਯੋਗ ਕੀਤੇ।ਉਹਨਾ ਵਲੋਂ ਵਰਤੇ ਪ੍ਰਤੀਕ ਆਧੁਨਿਕ ਅਤੇ ਸੁਹਜ ਭਰਪੂਰ ਹਨ।
- ਪੰਜਾਬੀ ਨੂੰ ਪੇਂਡੂ ਕਿੱਸਾਕਾਰੀ ਦੀ ਲੀਹ ਵਿਚੋਂ ਕੱਢ ਕੇ ਬਾਰੀਕ ਖ਼ਿਆਲੀ ਲਈ ਵਰਤਿਆ।
- ਪੰਜਾਬੀ ਵਿਚ ਨਿੱਕੀਆਂ ਘਟਨਾਵਾਂ ਉਪਰ ਸੁਤੰਤਰ ਅਤੇ ਨਿੱਕੀ ਕਵਿਤਾ ਲਿਖੀ ਅਤੇ ਉਹਨਾਂ ਦਾ ਮਾਨਵੀਕਰਨ ਵੀ ਕੀਤਾ।

- ਪ੍ਰਕ੍ਰਿਤੀ ਚਿਤਰਨ ਅਤੇ ਦ੍ਰਿਸ਼ ਚਿਤਰਨ ਨਾਲ ਪੰਜਾਬੀ ਕਵਿਤਾ ਨੂੰ ਨਵੇਂ ਰਾਹਾਂ ਤੇ ਤੋਰਿਆ।
- ਹਰ ਛੰਦ ਵਿਚ ਸੰਪੂਰਨ ਖਿਆਲਾਂ ਦੀ ਵਿਉਂਤਬੰਦੀ ਕੀਤੀ ਅਤੇ ਸੰਜਮ ਭਰਪੂਰ ਸ਼ੈਲੀ ਨੂੰ ਇਕ ਰੀਤ ਵਾਂਗ ਤੋਰਿਆ।
- ਰੂਪਕ ਪੱਖ ਤੋਂ ਬੈਂਤ ਦੀ ਬਜਾਇ ਸਿਰਖੰਡੀ ਅਤੇ ਰੁਬਾਈ ਨਾਲ ਵਾਬਸਤਗੀ ਕੀਤੀ।
- ਬ੍ਰਿਜ ਭਾਸ਼ਾਂ ਅਤੇ ਸੰਤ ਭਾਸ਼ਾ ਦੇ ਅਸਰ ਰਸੂਖ਼ ਤੋਂ ਇਕ ਵਿੱਥ ਕਾਇਮ ਕਰਕੇ ਪੰਜਾਬੀ ਭਾਸ਼ਾ ਨੂੰ ਸਾਹਿਤਕ ਜ਼ੁਬਾਨ ਬਣਾਉਣ ਵਿਚ ਯੋਗਦਾਨ ਪਾਇਆ।

ਭਾਈ ਵੀਰ ਸਿੰਘ ਨੇ ਨਿੱਕੀਆਂ ਕਵਿਤਾਵਾਂ ਦੀ ਸੂਖ਼ਮ ਕਲਾ ਰਾਹੀਂ ਜ਼ਿੰਦਗੀ ਦੇ ਮਹਾਨ ਪਹਿਲੂਆਂ ਨੂੰ ਸਾਹਮਣੇ ਰੱਖਿਆ।

**ਵਾਰਤਕ ਸਾਹਿਤ** – ਆਪ ਨੇ ਜਿੱਥੇ ਆਧੁਨਿਕ ਕਵਿਤਾ ਨੂੰ ਨਵੀਂ ਪਿਰਤ ਤੇ ਪਾਇਆ ਉਥੇ ਵਾਰਤਕ ਸਾਹਿਤ ਤੇ ਵੀ ਕਲਮ ਅਜ਼ਮਾਈ ਕੀਤੀ। ਪੰਜਾਬੀ ਸਾਹਿਤ ਦੇ ਹੋਰ ਰੂਪਾਂ ਵਾਂਗ ਵਾਰਤਕ ਦੇ ਜਨਮਦਾਤਾ ਵੀ ਭਾਈ ਵੀਰ ਸਿੰਘ ਹੈ। ਪ੍ਰੋ ਪਿਆਰਾ ਸਿੰਘ ਪਦਮ ਅਨੁਸਾਰ

> ਭਾਈ ਵੀਰ ਸਿੰਘ ਨੇ ਪੰਜਾਬੀ ਨੂੰ ਸਾਹਿਤਕ ਵਾਰਤਕ ਦਾ ਬੁੱਤ ਘੜ ਕੇ ਦਿੱਤਾ।ਸਾਡੀ ਪਹਿਲੀ ਵਾਰਤਕ ਵਧੇਰੇ ਕਰਕੇ ਸੰਧੂਕੜੀ ਭਾਸ਼ਾ ਦੇ ਮੁਹਾਵਰੇ ਵਿਚ ਗੁੰਮ ਸੀ ਪ੍ਰੰਤੂ ਭਾਈ ਸਾਹਿਬ ਨੇ ਪੰਜਾਬੀ ਵਾਰਤਕ ਨੂੰ ਇਹਨਾਂ ਬੰਧਨਾਂ ਤੋਂ ਖਲਾਸੀ ਦਿਵਾ ਕੇ ਇਕ ਸੁਚੱਜੇ ਤੇ ਸੁਤੰਤਰ ਰੂਪ ਵਿਚ ਸਜਾਇਆ।[3]

ਆਪ ਨੇ ਇਸਾਈ ਮਤ ਦੇ ਪ੍ਰਚਾਰ ਲਈ ਬਣੀ ਬਾਈਬਲ ਟ੍ਰੈਕਟ ਸੁਸਾਇਟੀ ਦੇ ਮੁਕਾਬਲੇ ਖਾਲਸਾ ਟ੍ਰੈਕਟ ਸੁਸਾਇਟੀ ਦੀ ਸਥਾਪਨਾ ਕੀਤੀ।ਆਪ ਨੇ ਪੰਜਾਬੀ **ਨਾਵਲ** ਪਰੰਪਰਾ ਵਿਚ ਚਾਰ ਨਾਵਲਾਂ ਦੀ ਰਚਨਾ ਕੀਤੀ। **ਸੁੰਦਰੀ** (1897), **ਸਤਵੰਤ ਕੌਰ**(1899), **ਬਿਜੈ ਸਿੰਘ**(1899), **ਅਤੇ ਬਾਬਾ ਨੌਧ ਸਿੰਘ**(1927) ਇਹਨਾ ਵਿਚੋਂ ਪਹਿਲੇ ਤਿੰਨ ਨਾਵਲ ਢਹਿੰਦੇ ਹੋਏ ਮੁਗਲ ਕਾਲ ਨਾਲ ਸਬੰਧਿਤ ਹਨ। ਇਹ ਉਹ ਸਮਾਂ ਸੀ ਜਦੋਂ ਸਿੱਖਾਂ ਨੇ ਪੰਜਾਬ ਵਿਚ ਉਥਾਨ ਨੂੰ ਰੋਕਣ ਵਾਸਤੇ ਪਤਨਸ਼ੀਲ ਮੁਗਲ ਰਾਜ ਨੇ ਆਪਣੀ ਪੂਰੀ ਵਾਹ ਲਗਾ ਦਿੱਤੀ ਸੀ। ਪੰਜਾਬ ਵਿਚ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਸਨ ਅਤੇ ਪੂਰੀ ਸਿੱਖ ਕੌਮ ਨੂੰ ਪਿੰਡਾਂ ਅਤੇ ਸ਼ਹਿਰਾਂ ਵਿਚੋਂ ਖਦੇੜ ਕੇ ਜੰਗਲਾਂ ਅਤੇ ਬੀਆਬਾਨ ਵਿਚ ਜਾਣ ਲਈ ਮਜਬੂਰ ਕਰ ਦਿੱਤਾ।ਇਸ ਕਾਲ ਨੂੰ ਨਾਵਲੀ ਬਿਰਤਾਂਤ ਲਈ ਚੁਣ ਕੇ ਇਕ ਪਾਸੇ ਤਾਂ ਸਿੱਖਾਂ ਨੂੰ ਆਪਣੇ

ਵਿਰਸੇ ਤੋਂ ਪ੍ਰੇਰਨਾਂ ਅਤੇ ਸ਼ਕਤੀ ਪ੍ਰਾਪਤ ਕਰਨ ਦਾ ਸੰਦੇਸ਼ ਦੇ ਰਹੇ ਸੀ ਉਤੇ ਦੂਜੇ ਪਾਸੇ ਇਹ ਵੀ ਦਰਸਾ ਰਹੇ ਸੀ ਕਿ ਵਿਰੋਧੀ ਸ਼ਕਤੀ ਕਿੰਨੀ ਵੀ ਬਲਵਾਨ ਹੋਵੇ ਸਿੱਖਾਂ ਨੂੰ ਖਤਮ ਨਹੀਂ ਕਰ ਸਕਦੀ।

ਭਾਈ ਸਾਹਿਬ ਨੇ ਇਹ ਸਾਰੇ ਨਾਵਲ ਮੁੱਢਲੇ ਰੂਪ ਵਿਚ ਟ੍ਰੈਕਟਾਂ ਦੀ ਸੂਰਤ ਵਿਚ ਪ੍ਰਕਾਸ਼ਿਤ ਕੀਤੇ ਅਤੇ ਬਾਅਦ ਵਿਚ ਇਹ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਹੋ ਗਏ।ਇਹਨਾਂ ਨਾਵਲਾਂ ਦੀ ਰਚਨਾਂ ਕਰਨ ਸਮੇਂ ਆਪ ਦੇ ਮਨ ਵਿਚ ਸਿੱਖ ਧਰਮ ਪ੍ਰਚਾਰ ਦੀ ਭਾਵਨਾ ਪ੍ਰਚੰਡ ਰੂਪ ਵਿਚ ਮੌਜੂਦ ਰਹੀ।

ਮੌਕਾ ਮੇਲ ,ਉਤਸ਼ਾਹ, ਸਨਸਨੀ ਅਤੇ ਇਕ ਵਿਭਾਵੀ ਪਾਤਰ ਭਾਈ ਵੀਰ ਸਿੰਘ ਦੇ ਨਾਵਲਾਂ ਦੀਆਂ ਪ੍ਰਮੁੱਖ ਜੁਗਤਾਂ ਸਨ। ਕਾਵਿ ਉਤੇ ਨਾਵਲ ਖੇਤਰ ਦੀਆਂ ਵਿਲੱਖਣ ਪ੍ਰਾਪਤੀਆਂ ਤੋਂ ਇਲਾਵਾ ਇਕ ਮੌਲਿਕ ਨਾਟਕ, ਤਿੰਨ ਚਮਤਕਾਰ,ਦੋ ਸ਼ਬਦ ਕੋਸ਼, ਚਾਰ ਟੀਕੇ ਆਦਿ ਧਾਰਮਿਕ ਗ੍ਰੰਥਾਂ ਦੀ ਸੰਪਾਦਨਾਂ ਦਾ ਕੰਮ ਵੀ ਆਪ ਨੇ ਕੀਤਾ।

ਭਾਈ ਵੀਰ ਸਿੰਘ ਪੰਜਾਬੀ ਭਾਸ਼ਾ ਨੂੰ ਉਚ ਅਤੇ ਮਹਾਨ ਦਰਜਾ ਦਿਵਾਉਣ ਵਾਲੇ ਮਹਾਨ ਸ਼ਾਇਰ ਸਨ।ਡਾ. ਸਤਿੰਦਰ ਸਿੰਘ  ਇਸ ਬਾਰੇ ਲਿਖਦੇ ਹਨ:

> ਪੰਜਾਬੀ ਮਾਂ ਬੋਲੀ ਲਈ ਉਸ ਸਮੇਂ ਬਹੁਤ ਬੇਧਿਆਨੀ ਵਰਤੀ ਜਾ ਰਹੀ ਸੀ।ਭਾਈ ਸਾਹਿਬ ਦੀਆਂ ਰਚਨਾਵਾਂ ਨੇ ਇਕ ਨਵੀਂ ਸ਼ਕਤੀ ਤੇ ਪ੍ਰੇਰਨਾ ਪ੍ਰਦਾਨ ਕੀਤੀ।ਉਹਨਾਂ ਨੇ ਪੰਜਾਬੀ ਭਾਸ਼ਾ ਨੂੰ ਨਵੀ ਸ਼ੈਲੀ, ਨਵੀ ਰਿਧਮ ਅਤੇ ਨਵਾਂ ਵੇਗ ਦਿੱਤਾ।ਉਨ੍ਹਾਂ ਤੋਂ ਆਧੁਨਿਕ ਭਾਸ਼ਾ ਅਤੇ ਸਾਹਿਤ ਦਾ ਯੁੱਗ ਸ਼ੁਰੂ ਹੁੰਦਾ ਹੈ।ਉਹ ਇਕ ਯੁਗ ਪੁਰਸ਼ ਸਨ ਉਹਨਾਂ ਦੀਆਂ ਲਿਖਤਾਂ ਪੰਜਾਬੀ ਖੋਜ ਅਤੇ ਅਧਿਐਨ ਖੇਤਰਾਂ ਦਾ ਮੂੰਹ ਖੋਲਦੀਆਂ ਹਨ।[4]

**ਪੁਰਸਕਾਰ ਤੇ ਸਨਮਾਨ**-ਆਪ ਦੀਆਂ ਸਾਹਿਤਕ ਸੇਵਾਵਾਂ ਨੂੰ ਮੁੱਖ ਰੱਖ ਕੇ ਪੰਜਾਬ ਯੂਨੀਵਰਸਿਟੀ ਨੇ ਆਪ ਨੂੰ 1949 ਈ. ਵਿਚ ਡਾਕਟਰ ਆਫ ਓਰੀਐਂਟਲ ਲਰਨਿੰਗ ਦੀ ਡਿਗਰੀ ਭੇਂਟ ਕੀਤੀ।1952ਈ. ਵਿਚ ਆਪ ਨੂੰ ਪੰਜਾਬ ਲੈਜਿਸਲੇਟਿਵ ਕੌਸਲ ਦਾ ਮੈਂਬਰ ਨਾਮਜ਼ਦ ਕੀਤਾ ਗਿਆ। 1950 ਈ. ਵਿਚ ਆਪ ਨੂੰ ਸਿੱਖ ਵਿੱਦਿਓਕ ਕਾਨਫਰੰਸ ਵਿਚ ਅਭਿਨੰਦਨ ਗ੍ਰੰਥ ਭੇਂਟ ਕੀਤਾ ਗਿਆ।

ਇਸ ਪ੍ਰਕਾਰ ਆਪ ਦੀ ਸਾਹਿਤ ਨੂੰ ਦੇਣ ਗੁਣਾਤਮਕ ਅਤੇ ਗਿਣਾਤਮਕ ਪੱਖੋਂ ਪ੍ਰਸ਼ੰਸਾ ਦੀ ਧਾਰਨੀ ਹੈ। ਡਾ. ਕਿਰਪਾਲ ਸਿੰਘ ਕਸੇਲ ਦੇ ਸ਼ਬਦਾਂ ਵਿਚ ਕਿ:

ਮਹਾਨ ਕਵੀ ਕਵਿਤਾ ਰਚਦੇ ਨਹੀਂ ਸਗੋਂ ਜਿਊਦੇ ਹਨ।
ਉਹਨਾਂ ਦੀ ਜੀਵਨ ਯਾਤਰਾ ਹੀ ਮਹਾਨ ਕਵਿਤਾ ਦਾ ਰੂਪ
ਧਾਰਨ ਕਰ ਲੈਂਦੀ ਹੈ। ਇਉਂ ਇਹ ਇਕ ਪ੍ਰਕਾਰ ਦੀ
ਕਾਵਿ ਯਾਤਰਾ ਵੀ ਹੋ ਨਿਭੜਦੀ ਹੈ।[5]

ਇਸ ਤਰ੍ਹਾਂ ਭਾਈ ਵੀਰ ਸਿੰਘ ਜਿਹੇ ਮਹਾਨ ਅਦਬਕਾਰ ਦੀ ਕਾਵਿ ਯਾਤਰਾ ਉਹਨਾਂ ਦੀ ਜੀਵਨ ਯਾਤਰਾ ਨਾਲ ਹੀ ਸਫਲ ਹੁੰਦੀ ਹੈ।ਭਾਈ ਸਾਹਿਬ ਪੰਜਾਬੀ ਸਾਹਿਤ ਜਗਤ ਵਿਚ ਇਕ ਪੰਰਪਰਾ ਦੀ ਤਰ੍ਹਾਂ ਪ੍ਰਵੇਸ਼ ਕਰਦੇ ਹਨ ਅਤੇ ਇਕ ਰੀਤ ਦੀ ਤਰ੍ਹਾਂ ਆਪਣੀ ਹੋਂਦ ਕਾਇਮ ਰੱਖਦੇ ਹਨ।ਪ੍ਰੋ ਹਰਬੰਸ ਸਿੰਘ ਦੇ ਸ਼ਬਦਾਂ ਵਿਚ

bhai veer singh was a great poet, a scholar and a
servant. He was an a epoch in himself. He
served humanity in more ways the one….
As a great writer, an educationist, a reformer,
an interpreter of people. He was a most
imminent name in the great movement of
renaissance in religious, culture and social
life of Punjab which has held for reaching effect its history.[6]

ਉਪਰੋਕਤ ਪਰਿਭਾਸ਼ਾ ਅਨੁਸਾਰ ਭਾਈ ਵੀਰ ਸਿੰਘ ਪੰਜਾਬੀ ਸਾਹਿਤ ਦੀ ਇਕ ਪੁਨਰ ਜਾਗ੍ਰਿਤੀ ਹੈ ਜਿੰਨ੍ਹਾਂ ਦੀ ਸਾਹਿਤਕ ਦੇਣ ਨੇ ਖੋਜ ਅਤੇ ਅਧਿਐਨ ਕਾਰਜਾਂ ਲਈ ਨਵੀਆਂ ਪੈੜਾਂ ਦਾ ਆਗਾਜ਼ ਕੀਤਾ ਹੈ।

___________________________

## ਹਵਾਲੇ ਅਤੇ ਟਿੱਪਣੀਆਂ

1. ਡਾ.ਕਿਰਪਾਲ ਸਿੰਘ ਕਸੇਲ, **'ਅਦੁੱਤੀ ਕਾਵਿ ਯਾਤਰਾ', ਭਾਈ ਵੀਰ ਸਿੰਘ ਰਚਨਾਵਲੀ,(ਪਹਿਲੀ ਜਿਲਦ)** ਪੰਨਾ, 6
2. ਸਤਿੰਦਰ ਸਿੰਘ ਨੂਰ, **ਭਾਈ ਵੀਰ ਸਿੰਘ ਜੀਵਨ ਤੇ ਰਚਨਾ**, ਪੰਨਾ, 42
3. ਪਿਆਰਾ ਸਿੰਘ ਪਦਮ, **ਕਲਮ ਦੇ ਧਨੀ**, ਪੰਨਾ 56
4. ਸਤਿੰਦਰ ਸਿੰਘ ਨੂਰ, **ਭਾਈ ਵੀਰ ਸਿੰਘ ਜੀਵਨ ਤੇ ਰਚਨਾ**, ਪੰਨਾ, 11
5. ਡਾ.ਕਿਰਪਾਲ ਸਿੰਘ ਕਸੇਲ, '**ਅਦੁੱਤੀ ਕਾਵਿ ਯਾਤਰਾ', ਭਾਈ ਵੀਰ ਸਿੰਘ ਰਚਨਾਵਲੀ,(ਪਹਿਲੀ ਜਿਲਦ)** ਪੰਨਾ, 1
6. prof. Harbans Singh**, "the poet saint' ' BHAI VEER SINGH THE SIXTH RIVER OF PUNJAB'** p.27